28.6.97

# ਸੁਪਨੇ-ਸਾਜ਼ਾਂ ਦਾ ਪੰਜਾਬ

ਗੁਰਸ਼ਰਨ ਸਿੰਘ

ਸਰਕਾਰ ਐਲਾਨ ਤਾਂ ਕਰਦੀ ਹੈ ਪਰ ਖ਼ਜ਼ਾਨੇ ਵਿਚ ਪੈਸਾ ਕਿੱਥੇ ਹੈ? ਸਰਕਾਰ ਨੇ ਚੋਣਾਂ ਵੇਲੇ ਵੀ ਅਤੇ ਚੋਣਾਂ ਦੇ ਬਾਅਦ ਵੀ ਬੁਢਾਪਾ ਪੈਨਸ਼ਨ ਦਾ ਐਲਾਨ ਕੀਤਾ ਹੈ। 60 ਸਾਲ ਤੋਂ ਉੱਪਰ ਵਾਲੀ ਹਰ ਔਰਤ ਨੂੰ ਤੇ 65 ਸਾਲ ਤੋਂ ਉੱਪਰ ਵਾਲੇ ਹਰ ਮਰਦ ਨੂੰ ਇਹ ਪੈਨਸ਼ਨ ਦਿੱਤੀ ਜਾਣੀ ਹੈ। ਹਿਸਾਬ ਲਗਾਈਏ ਤਾਂ ਪੰਜਾਬ ਦੇ 12,500 ਪਿੰਡ ਹਨ। ਜੇ ਸ਼ਨਾਖ਼ਤ ਕਰੀਏ ਤਾਂ ਹਰ ਪਿੰਡ ਵਿਚ ਘੱਟ ਤੋਂ ਘੱਟ 50 ਬੁੱਢੇ-ਬੁੱਢੀਆਂ ਜ਼ਰੂਰ ਹੋਣਗੇ। ਇਸ ਤਰ੍ਹਾਂ ਇਕ ਸਾਲ ਦੀ ਰਕਮ 12,500 ਜ਼ਰਬ 50 ਜ਼ਰਬ 300 ਜ਼ਰਬ 12, ਮਿਲਾ ਕੇ 2250 ਲੱਖ ਹੋਵੇਗੀ। ਸ਼ਹਿਰਾਂ ਦੇ ਬੁੱਢੇ-ਬੁੱਢੀਆਂ ਮਿਲਾ ਲਈਏ ਤਾਂ ਇਹ ਰਕਮ 3000 ਲੱਖ ਰੁਪਏ ਹੋਵੇਗੀ (3000,000000 ਰੁਪਏ)।

ਕਿਸੇ ਵੇਲੇ ਸ੍ਰੀ ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਪੰਜਾਬ ਦੇ ਲੋਕਾਂ ਨੂੰ ਸੁਪਨੇ ਦਿੱਤੇ ਸਨ। ਹੁਣ ਸ੍ਰੀ ਪ੍ਰਕਾਸ਼ ਸਿੰਘ ਬਾਦਲ ਦੇ ਰਹੇ ਹਨ। ਸ੍ਰੀ ਗੁਰਬਖਸ਼ ਸਿੰਘ ਨੇ ਸੁਪਨੇ ਦਿੱਤੇ ਸਨ, ਇਕ ਚੰਗੇ ਭਵਿੱਖ ਲਈ। ਬਾਦਲ ਸਾਹਿਬ ਦੇ ਰਹੇ ਹਨ, ਮਾਯੂਸੀ ਦੀ ਖੱਡ ਵਿਚ ਡੇਗਣ ਲਈ। ਪੰਜਾਬ ਦੇ ਲੋਕਾਂ ਲਈ ਇਹ ਫ਼ਰਕ ਜਾਣਨਾ ਬਣਦਾ ਹੈ।

ਸਵਾਲ ਹੈ, ਇਹ ਪੈਸਾ ਕਿੱਥੋਂ ਜੁਟਾਇਆ ਜਾਏਗਾ? ਜਵਾਬ ਹੈ, ਨਹੀਂ ਜੁਟਾਇਆ ਜਾ ਸਕਦਾ। ਕਦੀ ਵੀ ਜੁਟਾਇਆ ਨਹੀਂ ਜਾ ਸਕਦਾ। ਫੇਰ ਕਿਉਂ ਲੋਕਾਂ ਨੂੰ ਭੰਬਲ-ਭੂਸਿਆਂ ਵਿਚ ਪਾਇਆ ਜਾ ਰਿਹਾ ਹੈ? ਇਹ ਰਾਜਸੀ ਢਕੌਂਸਲੇਬਾਜ਼ੀ ਦੀ ਹੱਦ ਹੈ। ਮੰਤਰੀਆਂ ਦੇ ਸਹੁੰ ਚੁੱਕਣ ਤੋਂ ਕੋਈ ਇਕ ਹਫ਼ਤਾ ਬਾਅਦ ਸ੍ਰੀ ਗੁਰਦੇਵ ਸਿੰਘ ਬਾਦਲ ਨੇ ਬਿਆਨ ਦਿੱਤਾ ਸੀ ਕਿ ਬਜ਼ੁਰਗਾਂ ਨੂੰ ਘਰ ਬੈਠੇ ਮਨੀਆਰਡਰ ਰਾਹੀਂ ਪੈਨਸ਼ਨ ਦੇ ਪੈਸੇ ਮਿਲਣਗੇ। ਇਕ ਬਜ਼ੁਰਗ ਘਰ ਬੈਠਾ-ਬੈਠਾ ਊਂਘ ਰਿਹਾ ਹੈ। ਬਜ਼ੁਰਗਾਂ ਨੂੰ ਝੋਕ ਆ ਜਾਏ ਤਾਂ ਉਹ ਬੈਠੇ-ਬੈਠੇ ਸੁਪਨੇ ਵੀ ਲੈਂਦੇ ਹਨ। ਡਾਕੀਆ ਬੂਹਾ ਖੜਕਾਉਂਦਾ ਹੈ—

"ਬਾਪੂ ਜੀ, ਤੁਹਾਡਾ ਮਨੀਆਰਡਰ।"

"ਬੱਲੇ-ਬੱਲੇ, ਸਰਕਾਰ ਹੋਵੇ ਤਾਂ ਇਹੋ ਜਿਹੀ ਹੋਵੇ।"

ਪੋਤਰੇ-ਪੋਤਰੀਆਂ ਨੇ ਦਾਦੇ ਨੂੰ ਘੇਰ ਲਿਆ ਹੈ। ਕੋਈ ਕਿਸੇ ਚੀਜ਼ ਦੀ ਫਰਮਾਇਸ਼ ਕਰ ਰਿਹਾ ਹੈ ਤੇ ਕੋਈ ਕਿਸੇ ਚੀਜ਼ ਦੀ ਕਰ ਰਹੀ ਹੈ। ਦਾਦਾ ਜੀ ਦੀ ਪੈਨਸ਼ਨ ਆਈ ਹੈ। ...ਇਹ ਸੁਪਨਾ ਸੀ। ਸੁਪਨਾ ਟੁੱਟ ਗਿਆ ਹੈ। ਫੇਰ ਸਭ ਚੁੱਪ।

ਕਿਸੇ ਵੇਲੇ ਸ੍ਰੀ ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਪੰਜਾਬ ਦੇ ਲੋਕਾਂ ਨੂੰ ਸੁਪਨੇ ਦਿੱਤੇ ਸਨ। ਹੁਣ ਸ੍ਰੀ ਪ੍ਰਕਾਸ਼ ਸਿੰਘ ਬਾਦਲ ਦੇ ਰਹੇ ਹਨ। ਸ੍ਰੀ ਗੁਰਬਖਸ਼ ਸਿੰਘ ਨੇ ਸੁਪਨੇ ਦਿੱਤੇ ਸਨ, ਇਕ ਚੰਗੇ ਭਵਿੱਖ ਲਈ। ਬਾਦਲ ਸਾਹਿਬ ਦੇ ਰਹੇ ਹਨ, ਮਾਯੂਸੀ ਦੀ ਖੱਡ ਵਿਚ ਡੇਗਣ ਲਈ। ਪੰਜਾਬ ਦੇ ਲੋਕਾਂ ਲਈ ਇਹ ਫ਼ਰਕ ਜਾਣਨਾ ਬਣਦਾ ਹੈ।